(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਿਤ)
ਪੰਜਾਬੀ ਯੂਨੀਵਰਸਿਟੀ,ਪਟਿਆਲਾ

ਨੰ: 11009 ਸ.1/ਕਾਲਜ
ਮਿਤੀ: 01/11/23

ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ (ਜਿੱਥੇ **M.B.A** ਅਤੇ **M.C.A** ਕੋਰਸ ਚਲਦੇ ਹਨ)
ਦੇ ਪ੍ਰਿੰਸੀਪਲ/ਡਾਇਰੈਕਟਰ ਸਾਹਿਬਾਨ ਨੂੰ

ਵਿਸ਼ਾ : ਸੈਸ਼ਨ 2023-24 ਦੌਰਾਨ **M.B.A** ਅਤੇ **M.C.A** ਕੋਰਸਾਂ ਦੇ ਐਂਟਰੀ ਪੁਆਇੰਟ (ਭਾਗ ਪਹਿਲਾ) ਦੇ ਦਾਖਲਿਆ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ

**AICTE** ਵੱਲੋਂ ਜਾਰੀ ਹਵਾਲਾ ਅਧੀਨ **Advt. No: Regulation Bureau/AICTE/03(02)/2023 dated 17-10-2023** ਦੀ ਲੋਅ ਵਿੱਚ, ਮਾਨਯੋਗ ਵਾਈਸ-ਚਾਂਸਲਰ ਸਾਹਿਬ ਵੱਲੋਂ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ, **AICTE** ਦੇ ਅਧੀਨ ਚਲਦੇ ਕੋਰਸਾਂ **M.B.A** ਅਤੇ **M.C.A** ਦੀ ਦਾਖਲਾ ਮਿਤੀ 30.10.2023 ਤੱਕ ਵਧਾਏ ਜਾਣ ਕਾਰਨ, ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਵਿਖੇ **M.B.A** ਅਤੇ **M.C.A** ਕੋਰਸਾਂ ਵਿੱਚ ਮਿਤੀ 30.10.2023 ਤੱਕ ਕੀਤੇ ਗਏ ਦਾਖਲਿਆਂ ਨੂੰ ਪ੍ਰਵਾਨ ਕੀਤਾ ਹੈ। ਇਸ ਲਈ **M.B.A** ਅਤੇ **M.C.A** ਕੋਰਸਾਂ ਵਿੱਚ ਮਿਤੀ 30.10.2023 ਤੱਕ (ਅੰਤਿਮ ਲੇਟ ਦਾਖਲਾ ਫੀਸ 2000/- ਰੁਪਏ ਪ੍ਰਤੀ ਵਿਦਿਆਰਥੀ ਨਾਲ) ਕੀਤੇ ਗਏ ਦਾਖਲੇ ਪ੍ਰਵਾਨਿਤ ਮੰਨੇ ਜਾਣਗੇ।

ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਪਰੋਕਤ ਅਨੁਸਾਰ ਕੀਤੇ ਗਏ ਦਾਖਲਿਆਂ ਸਬੰਧੀ ਲੇਟ ਦਾਖਲਾ ਫੀਸ ਦੀ ਆਰ.ਟੀ.ਜੀ.ਐਸ. ਇਹ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਅਗਲੇ ਦਿਨ ਕਰਵਾਈ ਜਾਣੀ ਲਾਜ਼ਮੀ ਹੈ।

ਇੱਥੇ ਇਹ ਵੀ ਸਪੱਸ਼ਟ ਹੈ ਕਿ ਉਕਤ ਅਨੁਸਾਰ ਲੇਟ ਦਾਖਲ ਵਿਦਿਆਰਥੀਆਂ ਦੇ ਲੈਕਚਰ/ ਹਾਜ਼ਰੀਆਂ ਪੂਰੀਆਂ ਕਰਵਾਉਣ ਦੀ ਜ਼ਿੰਮੇਵਾਰੀ ਸਬੰਧਤ ਕਾਲਜਾਂ ਦੀ ਹੋਵੇਗੀ।

ਸਹਾਇਕ ਰਜਿ. (ਕਾਲਜਾਂ)